# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ,

(1) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ।
(2) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ।
(3) ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ), ਪੰਜਾਬ।

ਮੀਮੋ ਨੰ: ਸਸਅ/ਐਮਸੀ/2017/10413
ਮਿਤੀ, 26.9.2017

**ਵਿਸ਼ਾ:-** **ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕ-ਮਾਪੇ ਮਿਲਣੀ ਅਤੇ ਸਕੂਲ ਪ੍ਰਬੰਧਕ ਕਮੇਟੀਆਂ ਦੀ ਮੀਟਿੰਗ ਮਿਤੀ 29.09.2017 ਨੂੰ ਕਰਨ ਸਬੰਧੀ।**
**ਹਵਾਲਾ :-** **ਪੱਤਰ ਨੰ. SCERT/QE/UP/MONI/007 ਮਿਤੀ 29.8.2017 ਅਨੁਸਾਰ।**

**1.0** ਉਪਰੋਕਤ ਵਿਸ਼ੇ ਅਤੇ ਹਵਾਲਾ ਅਨੁਸਾਰ ਵਿਭਾਗ ਵੱਲੋਂ ਰਾਜ ਦੇ ਸਮੂਹ ਸਕੂਲਾਂ ਵਿੱਚ ਸਾਲ ਵਿੱਚ ਚਾਰ ਵਾਰ ਮਾਪੇ-ਅਧਿਆਪਕ ਮਿਲਣੀ ਕਰਵਾਉਣ ਦੇ ਹੁਕਮ ਜਾਰੀ ਹੋਏ ਹਨ। ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਮਿਤੀ 11 ਸਤੰਬਰ, 2017 ਤੋਂ 23 ਸਤੰਬਰ, 2017 ਤੱਕ ਬੱਚਿਆਂ ਦੀ ਪੜ੍ਹਾਈ ਦਾ ਲਿਖਤੀ ਮੁਲਾਂਕਣ ਕੀਤਾ ਜਾ ਚੁੱਕਾ ਹੈ। ਇਸ ਮੁਲਾਂਕਣ ਵਿੱਚ ਬੱਚਿਆਂ ਦੀ ਕਾਰਗੁਜ਼ਾਰੀ ਬਾਰੇ ਉਹਨਾਂ ਦੇ ਮਾਪਿਆਂ ਜਾਣੂ ਕਰਵਾਉਣ ਹਿੱਤ ਸਤੰਬਰ ਮਹੀਨੇ ਦੇ ਆਖਰੀ ਦਿਨ ਮਿਤੀ 30.9.2017 ਨੂੰ ਮਾਪੇ-ਅਧਿਆਪਕ ਮਿਲਣੀ ਰੱਖੀ ਜਾਣੀ ਸੀ। ਪਰੰਤੂ ਮਿਤੀ 30.9.2017 ਨੂੰ ਦੁਸਹਿਰਾ ਦੀ ਛੁੱਟੀ ਹੋਣ ਕਾਰਨ ਮਿਤੀ 29 ਸਤੰਬਰ,2017 ਨੂੰ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ ਰੱਖੀ ਗਈ ਹੈ। ਇਸ ਮਿਲਣੀ ਦੌਰਾਨ ਸਕੂਲ ਪ੍ਰਬੰਧਕ ਕਮੇਟੀਆਂ ਦੇ ਸਮੂਹ ਮੈਂਬਰ ਵੀ ਸਕੂਲਾਂ ਵਿੱਚ ਹਾਜ਼ਰ ਹੋਣਗੇ। ਬੱਚਿਆਂ ਦੀ ਮੁਲਾਂਕਣ ਸਮੇਂ ਕਾਰਗੁਜ਼ਾਰੀ ਬਾਰੇ ਅਧਿਆਪਕ ਅਤੇ ਮਾਪੇ ਆਪਸ ਵਿੱਚ ਵਿਚਾਰ-ਵਟਾਂਦਰਾ ਕਰਨਗੇ। ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਅਤੇ ਸਕੂਲ ਮੁੱਖੀ, ਆਪਣੇ-ਆਪਣੇ ਸਕੂਲਾਂ ਦੀ ਕਾਰਗੁਜ਼ਾਰੀ ਹੋਰ ਬਿਹਤਰ ਬਨਾਉਣ ਲਈ ਵਿਚਾਰ ਵਟਾਂਦਰਾਂ ਕਰਨਗੇ।

**3.0** ਇਹ ਮਿਲਣੀ ਦਿਨੇ 9:00 ਵਜੇ ਤੋਂ 1:00 ਵਜੇ ਤੱਕ ਹੋਵੇਗੀ। ਇਸ ਮੀਟਿੰਗ ਨੂੰ ਸੁਚਾਰੂ ਢੰਗ ਨਾਲ ਸਿਰੇ ਚਾੜ੍ਹਨ ਲਈ ਮਾਪੇ-ਅਧਿਆਪਕ ਮਿਲਣੀ ਲਈ ਆ ਰਹੇ ਹਰ ਮਾਪੇ ਨੂੰ ਅਧਿਆਪਕ ਦੁਆਰਾ ਵਿਦਿਆਰਥੀ ਦੀ ਕਾਰਗੁਜ਼ਾਰੀ ਦੱਸਣ ਦਾ ਉਚਿਤ ਸਮਾਂ ਮਿਲ ਸਕੇ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸਕੂਲ ਮੁੱਖੀ ਆਪਣੇ ਸਕੂਲ ਵਿੱਚ ਪੜ੍ਹਦੇ ਜਮਾਤ ਵਾਈਜ਼ ਵਿਦਿਆਰਥੀਆਂ ਦੀ ਗਿਣਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਬੱਚਿਆਂ ਨੂੰ ਆਪਣੇ ਮਾਪਿਆਂ ਸਮੇਤ ਸਕੂਲ ਵਿੱਚ ਆਉਣ ਲਈ ਉਸ ਦਿਨ ਵੱਖ-ਵੱਖ ਸਮਾਂ ਨਿਰਧਾਰਿਤ ਕਰਨ। ਮਿਸਾਲ ਦੇ ਤੌਰ ਤੇ ਹੇਠ ਲਿਖੇ ਅਨੁਸਾਰ ਸਮਾਂ ਰੱਖਿਆ ਜਾ ਸਕਦਾ ਹੈ:-

| ਸਮਾਂ | ਹਰੇਕ ਜਮਾਤ ਦੇ ਕੁੱਲ ਵਿਦਿਆਰਥੀ ਦੀ ਗਿਣਤੀ 30 ਮੰਨਦੇ ਹੋਏ | | | | | | |
|---|---|---|---|---|---|---|---|
| | ਚੌਥੀ | ਪੰਜਵੀਂ | ਛੇਵੀਂ | ਸਤੱਵੀਂ | ਅਠਵੀਂ | ਨੌਵੀਂ | ਗਿਆਰਵੀਂ |
| ਸਵੇਰੇ 9:00-10:00 ਵਜੇ ਤੱਕ | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 | ਰੋਲ ਨੰ. 1-15 |
| ਸਵੇਰੇ10:00-11:00 ਵਜੇ ਤੱਕ | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 | ਰੋਲ ਨੰ. 16-30 |

ਜਮਾਤ ਇੰਚਾਰਜ ਇਸ ਬਾਰੇ ਵਿਦਿਆਰਥੀਆਂ ਨੂੰ ਸੂਚਿਤ ਕਰੇ ਕਿ ਵਿਦਿਆਰਥੀ ਆਪਣੇ ਮਾਪਿਆਂ ਨੂੰ ਦੱਸੇ ਗਏ ਸਮੇਂ ਮੁਤਾਬਿਕ ਸਕੂਲ ਵਿੱਚ ਲੈ ਕੇ ਪਹੁੰਚਣ।

**4.0** ਇਸ ਮਿਲਣੀ ਬਾਰੇ ਪੂਰਨ ਰੂਪ ਵਿੱਚ ਮਾਪਿਆਂ ਤੱਕ ਸੂਚਨਾ ਪਹੁੰਚਾਉਣ ਲਈ ਸਕੂਲ ਮੁੱਖੀ ਪਿੰਡ ਦੇ ਗੁਰੂਦੁਆਰੇ ਤੋਂ ਲਾਊਡ ਸਪੀਕਰ ਰਾਹੀਂ ਵੀ ਸੂਚਿਤ ਕਰ ਸਕਦਾ ਹੈ।

5.0 ਇਸ ਮਾਪੇ – ਅਧਿਆਪਕ ਮਿਲਣੀ ਨੂੰ ਪੂਰਨ ਰੂਪ ਵਿੱਚ ਸਿਰੇ ਚੜ੍ਹਾਉਣ ਅਤੇ ਇਸ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੇ ਮਾਪਿਆਂ ਨੂੰ ਸ਼ਾਮਿਲ ਕਰਵਾਉਣ ਲਈ ਸਮੂਹ ਇੰਸਪੈਕਸ਼ਨ ਟੀਮਾਂ, ਸਿੱਖਿਆ ਸੁਧਾਰ ਕਮੇਟੀ ਆਪਣੀ ਨਾਰਮਲ ਡਿਊਟੀ ਤੋਂ ਇਲਾਵਾ ਵਿਜ਼ਿਟ ਕੀਤੇ ਜਾ ਰਹੇ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਮਿਤੀ 29 ਸਤੰਬਰ, 2017 ਨੂੰ ਆਪਣੇ ਮਾਪਿਆਂ ਨੂੰ ਸਕੂਲ ਵਿੱਚ ਲਿਆਉਣ ਲਈ ਪ੍ਰੇਰਣ ਦਾ ਕੰਮ ਵੀ ਕਰਨਗੇ। ਇਸ ਤੋਂ ਇਲਾਵਾ ਮਿਤੀ 29 ਸਤੰਬਰ, 2017 ਨੂੰ ਮਾਪੇ-ਅਧਿਆਪਕ ਮਿਲਣੀ ਵਾਲੇ ਦਿਨ ਵਿਜ਼ਿਟ ਕੀਤੇ ਜਾ ਰਹੇ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ ਨੂੰ ਸਿਰੇ ਚੜ੍ਹਾਉਣ ਲਈ ਸਕੂਲ ਮੁਖੀਆਂ ਦਾ ਸਹਿਯੋਗ ਦੇਣਗੇ ।

6.0 ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

26/9

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ